# ਕਾਵਿ-ਕਿਆਰੀ

## ਪਤੀ-ਪਤਨੀ

ਇਕ ਗੱਡੀ ਦੇ ਦੋ ਨੇ ਪਹੀਏ,
ਜਿਸ ਨੂੰ ਪਤੀ-ਪਤਨੀ ਕਹਿੰਦੇ ਨੇ।
ਜੇ ਉਹ ਪਹੀਏ ਇਕੱਠੇ ਚੱਲਦੇ,
ਤਾਂ ਸਾਹ ਸੁੱਖ ਦਾ ਲੈਂਦੇ ਨੇ।
ਫਿਰ ਜ਼ਿੰਦਗੀ ਵਿਚ ਖੁਸ਼ੀਆਂ ਹੀ ਖੁਸ਼ੀਆਂ,
ਆਈਆਂ ਲੱਗਣ ਬਹਾਰਾਂ ਨੇ।
ਸਾਰੇ ਆਪਣੇ-ਆਪਣੇ ਲੱਗਦੇ,
ਵਿਚ ਸਹੁਰੇ ਘਰ ਪਰਿਵਾਰਾਂ ਦੇ।
ਜੇ ਇਕ ਪਹੀਆਂ ਪੁੱਠਾ ਚੱਲੇ,
ਵੱਖਰੇ ਵਿਚਾਰ-ਖਿਆਲ ਹੋਵਣਾ।
ਤਾਂ ਉਹ ਗੱਡੀ ਨੇ ਕੀ ਚੱਲਣਾ,
ਫਿਰ ਸਮਝੋ ਬੁਰੇ ਹਾਲ ਹੋਵਣ।
ਕੀ ਉਥੇ ਫਿਰ ਪਿਆਰ-ਮੁਹੱਬਤ,
ਤੇ ਕੀ ਮਤਲਬ ਰਹੇ ਲਾਵਾਂ ਦਾ।
ਪਰ ਜੇ ਇਕ ਧਿਰ ਤਾਂ ਹੋਵੇ ਲਿਫਦੀ,
ਕੰਮ ਤਾਂ ਜਾਂਦਾ ਚਲੀ ਆਂ।
ਕਹਿਣ ਲੱਕੜ ਨਾਲ ਲੋਹਾ ਤਰਦਾ,
ਏਦਾਂ ਵਕਤ ਨੂੰ ਜਠਾਂਦੇ ਠੱਲੀ ਆਂ।
ਜੇ ਕਿਧਰੇ ਦੂਜਾ ਪਹੀਆਂ ਅੜਜੇ,
ਫਿਰ ਤਾਂ ਇਕ ਖੜ੍ਹਾਕ ਹੁੰਦਾ।
ਅੰਗਰੇਜ਼ੀ ਵਿਚ ਜੀਹਨੂੰ ਕਹਿਣਾ ਡਵੋਰਸ,
ਪਰ ਪੰਜਾਬੀ ਵਿਚ ਤਲਾਕ ਹੁੰਦਾ।
ਸੁੱਖ-ਦੁੱਖ ਜ਼ਿੰਦਗੀ ਦੇ ਦੋ ਪਾਸੇ,
ਆਉਂਦੇ-ਜਾਂਦੇ ਰਹਿੰਦੇ ਨ।
'ਪਵਨ' ਸਿਆਣੇ ਲੋਕ ਉਹੀ,
ਜੋ ਅਕਲਾਂ ਤੋਂ ਕੰਮ ਲੈਂਦੇ ਨੇ।
ਤੇ ਮੂਰਖ ਦੁਨੀਆਂ ਦੇ ਉਹ ਵੱਡੇ,
ਐਵੇਂ ਰੌਲਾ ਪਾਉਣ ਜਿਹੜੇ।
ਮਾੜੀ-ਮਾੜੀ ਗੱਲ ਦੇ ਉੱਤੇ,
ਕਜੀਆ ਰਹਿਣ ਵਧਾਉਣ ਜਿਹੜੇ।
ਨਾਲ ਪਿਆਰ ਜੋ ਤੰਦ ਸਲਝਾਵੇ,
ਉਹੀ ਸਿਆਣਾ ਬੰਦਾ ਏ।
ਕਿਉਂਕਿ ਆਪਣਾ ਝੱਗਾ ਚੱਕੇ ਹੋਣਾ,
ਆਪਣਾ ਹੀ ਢਿੱਗ ਨੰਗਾ ਏ।

-ਪਵਨ ਟਾਂਡਾ (ਕੈਨੇਡਾ)

*

## ਗੀਤ/ਮਾਂ

ਕਦੇ-ਕਦੇ ਇਹ ਨੈਣਾਂ ਵਿਚੋਂ ਨੀਰ ਨਿਕਲ ਜੇ ਆਪੇ,
ਜਦ ਕਦੇ ਇਸ ਚੰਦਰੇ ਦਿਲ ਨੂੰ ਯਾਦ ਆਉਂਦੇ ਨੇ ਮਾਪੇ,
ਮਾਂ ਹੱਥ ਦੀ ਕੁੱਟੀ ਚੂਰੀ ਖਾਣ ਪਿੱਛੋਂ ਜਦ ਲੜਦੇ ਸੀ,
ਉਹ ਮਾਂ ਬੋਹੜ ਦੀ ਛਾਂ ਰਹੀ ਨਾ ਜੀਹਦੇ ਛਾਵਾਂ ਮੌਜਾਂ ਕਰਦੇ ਸੀ।

ਭੋਲੀ-ਭਾਲੀ ਸੂਰਤ ਮਾਂ ਦੀ ਮਿੱਠੀ ਬੋਲੀ ਲੋਹੜੇ,
ਮੁਸ਼ਕਿਲ ਦੇ ਨਾਲ ਪੀੜ ਸਹਾਰੀ ਮਾਂ ਦੇ ਬੁਰੇ ਵਿਛੋੜੇ ਦੀ,
ਮਾਂ ਦੀ ਮਮਤਾ ਸਾਹਾਂ ਵਰਗੀ ਸਾਹਾਂ ਵਿਚ ਸਾਹ ਭਰਦੇ ਸੀ,
ਉਹ ਮਾਂ ਬੋਹੜ ਦੀ..................।

ਅੱਗੇ-ਅੱਗੇ ਨੱਸਦੇ ਫਿਰਦੇ ਮਾਂ ਜਦ ਝਿੜਕਾ ਦੇਂਦੀ ਸੀ,
ਝੂਠਾ-ਮੂਠਾ ਰੋਂਦੇ ਸੀ ਤੇ ਬੁੱਕਲ ਵਿਚ ਚੁੱਕ ਲੈਂਦੀ ਸੀ,
ਘੁੱਟ ਕੇ ਲਾਉਂਦੀ ਨਾਲ ਕਾਲਜੇ ਜਦੋਂ ਕਦੇ ਘਰ ਵੜਦੇ ਸੀ,
ਉਹ ਮਾਂ ਬੋਹੜ ਦੀ..................।

'ਦੁੱਲੇਵਾਲੀਆ' ਬੁਰਾ ਵਿਛੋੜਾ ਹੁੰਦਾ ਸਭ ਤੋਂ ਮਾਵਾਂ ਦਾ,
ਦੁਨੀਆ ਦਾ ਹਰ ਬੰਦਾ ਫਿਰ (ਸੋਨੂੰ) ਬਣ ਜਾਂਦਾ ਰੋੜਾ ਰਾਵਾਂ ਦਾ,
ਹੱਸ-ਹੱਸ ਕੋਲ ਦੀ ਲੰਘਦੇ ਜਿਹੜੇ ਵੇਖ-ਵੇਖ ਸੜਦੇ ਸੀ,
ਉਹ ਮਾਂ ਬੋਹੜ ਦੀ ਛਾਂ ਰਹੀ ਨਾ ਜੀਹਦੀ ਛਾਵੇਂ ਮੌਜਾਂ ਕਰਦੇ ਸੀ।

-ਸੋਨੂੰ ਦੁੱਲੇਵਾਲੀਆ

*

## ਬੋਲੀ ਏ ਪੰਜਾਬੀ

ਇਹਦੀ ਪੋਟਲੀ 'ਚ ਮਿਠਾ,
ਲੱਗੇ ਸ਼ਹਿਦ ਦੇ ਸਾਮਾਨ।
ਸਾਡੀ ਬੋਲੀ ਏ ਪੰਜਾਬੀ,
ਸਾਨੂੰ ਰੱਬ ਜਿੱਡਾ ਮਾਣ।
ਇਹਦੇ ਜਿਹੀਆਂ ਤਸਵੀਰਾਂ 'ਤੇ ਅੰਲਕਾਰ ਕਿਥੇ।
ਵਾਜੇ ਸਿਪੀਆ ਦੇ ਵੱਜੇ, ਮੋਤੀ ਟਹਿਕਿ ਏ ਜਿਥੇ।
ਬਾਲੋ ਢੋਲੇ ਮਾਹੀਏ ਟੱਪੇ, ਇਹ ਦੀ ਵੱਖਰੀ ਪਛਾਣ..
ਸਾਡੀ ਬੋਲੀ ਏ.................।
ਏਹਦੇ ਸ਼ਬਦਾਂ 'ਚ ਹੇਜ਼, ਏਹਦੇ ਵਾਕਾਂ ਵਿਚ ਤਾਰੀ।
ਇਹ ਦੇ ਹਾਸਿਆਂ ਵਿਚ ਹੱਜਾਂ ਬੰਦਾ ਮਾਰੇ ਕਲਕਰੀ।
ਕੀਤਾ ਬਾਬੇ ਬੋਹੜਾ ਇੰਨੂੰ ਮੋਢੇ ਚੁੱਕ ਕੇ ਜਵਾਨ..
ਬਾਡੀ ਬੋਲੀ ਏ.....................।
ਜਦੋਂ ਬੋਲੇ ਕੋਈ ਠੇਠ ਹੁੰਦਾ ਵੱਖਰੀ ਨਜ਼ਾਰਾ।
ਹਹਿਜੇ ਕੈਦਿਆਂ 'ਚ ਕੈਦ ਨਾ ਇਹ ਸਾਡਾ ਓ, ਅ।
ਦਿੱਖ ਇਹ ਦੀ ਨਾ ਗੁਆਂਚੇ, ਬਣ ਖੜਜੋ ਚਟਾਨ।
ਸਾਡੀ ਬੋਲੀ ਏ................।
ਕਰੇ ਬੱਬੀ ਘੱਲਾਂ ਵਾਲਾ, ਮਾਣਮੱਤੀ ਲਈ ਦੁਆਵਾ।
ਭੁੱਲ ਜਾਇਓ ਨਾਂ ਪੰਜਾਬੀ ਭਾਵੇਂ ਸਿੱਖੋ ਸੌ ਭਾਸ਼ਾਵਾਂ।
ਸਾਡੀ ਸਾਹ ਰਗ ਇਹੀਓ, ਇਹੀਓ ਸਾਡੀ ਜਿੰਦ ਜਾਨ।
ਸਾਡੀ ਬੋਲੀ ਏ.................।

-ਸੁਖਦੇਵ ਸਿੰਘ (ਬੱਬੀ ਗਿੱਲ)
ਸਾਇੰਸ ਮਾਸਟਰ ਸ.ਸ.ਸ.ਸ. ਸਲ੍ਹੀਣਾ

*

## ਵਿਅੰਗ ਕਵਿਤਾ/ਸਹਿਤ ਸਮਾਗਮ ਤੇ ਕਵੀ

ਲੇਖਕ ਬਣਨਾ ਬੜਾ ਹੀ ਔਖਾ, ਹੋਣਾ ਪੈਂਦਾ ਪੱਬਾਂ ਭਾਰ।
ਘਰਦਿਆਂ ਕੋਲੋਂ ਬੇਮੁੱਖ ਹੋ ਕੇ, ਨਵਾਂ ਸਿਰਜਣਾਂ ਪਏ ਸੰਸਾਰ।
ਹੰਗ ਬਰੰਗੇ ਫੁੱਲ ਕਵਿਤਾ ਦੇ, ਕਵੀ ਲੈ ਔਂਦੇ ਖੂਬ ਸ਼ੰਗਾਰ।
ਇਹ ਪਾਠਕ ਵੀ ਤੇ ਅਲੋਚਕ ਵੀ, ਆਪਸ ਵਿਚ ਕੰਮ ਲੈਂਦੇ ਸਾਰ।
ਉਂਜ ਵੀ ਬਰਸਾਤੀ ਡੱਡੂਆਂ ਵਾਂਗ, ਮੈਗਜ਼ੀਨਾਂ ਦਾ ਪਿਆ ਖਿਲਾਰ।
ਤੇ ਮਾਸਿਕ, ਛਿਮਾਹੀ ਸਾਲਾਂ, ਬੁੱਕ ਸਟਾਲਾਂ ਤੇ ਲੱਗੇ ਅੰਬਾਰ।
ਗੁਰਦਿਆਲ, ਅਣਖੀ ਤੇ ਜਸਵੰਤ ਕੰਵਲ ਦਾ, ਕਰਨਾ ਚਾਹੁੰਦੇ ਸਭ ਦੀਦਾਰ।
ਪਰ ਇਜ਼ਾਜ਼ਤ ਜੇਬ ਨਾ ਦਿੰਦੀ, ਅੱਕ ਕੇ ਖ੍ਰੀਦ ਲੈਂਦੇ ਅਖ਼ਬਾਰ।
ਕਿਉਂਕਿ ਸਹਿਤਕ ਲਿਖਤਾਂ ਛਾਪਣ, ਕਈ ਅਖ਼ਬਰ ਬੇਸ਼ੁਮਾਰ।
ਬਦਕਿਸਮਤੀ ਹੈ ਪਾਠਕਦੀ ਮਹਿਕ ਵਤਨ ਦੀ ਪੜ੍ਹੇ ਨਾਂ ਇਕ ਵਾਰ।
ਲੇਖਕ ਵੀ ਤਾਂ ਸੁਸਤ ਬੜੇ ਨੇ, ਸੁੱਤੇ ਰਹਿੰਦੇ ਪੈਰ ਪਸਾਰ।
ਘਾਲੋਂ ਕਰਨ ਰਚਨਾ ਲਿਖਣ ਦੀ, ਲੰਘ ਜਠਾਂਦੇ ਕਈ ਐਤਵਾਰ।
ਕਾਹਲੀ ਵਿਚ ਨਾ ਔੜੇ ਕਵਿਤਾ, ਘ੍ਰ ਵਾਲੀ ਵੀ ਪਈ ਬਿਮਾਰ।
ਹੁੰਗਾ ਉਸਦਾ ਬੜਾ ਡਰਾਉਣਾ, ਦਿਮਾਗ ਵਿਚੋਂ ਕਵਿਤਾ ਕਰ ਦੇ ਬਾਹਰ।
ਕਵਿਤਾ ਤੇਰੀਆਂ ਨਹੀਂ ਮੁਕਣੀਆਂ, ਮੈਂ ਹੋ ਚੱਲੀ ਅਗਲੇ ਪਾਰ।
ਦੱਸੋ ਲੇਖਕ ਫੇਰ ਕੀ ਸੁਆਹ ਲਿਖੂ, ਬੱਚੇ ਚਿੰਬੜੇ ਖੰਭ ਖਿਲਾਰ।
ਠੇਕੇ ਅੱਗੋਂ ਲੰਘਣਾ ਛੱਡ ਕੇ, ਪੈੱਗ, ਸੁੰਗ ਲੋਣਾ ਭੁੱਲ ਜੋ ਯਾਰ।
ਜੇ ਸਾਰੇ ਲੇਖਕ ਸਭ ਤੋਂ ਪਹਿਲਾ, ਆਪਣੇ ਘਰ ਦਾ ਕਰਨ ਸੁਧਾਰ।
ਮੈਂ ਤਾਂ ਚਹੁੰਕੇ ਸਹਿਤ ਸਮਾਗਮ, ਤਾਂ ਹੀ ਰਹਿ ਸਕਦੇ ਬਰਕਰਾਰ।

-ਸਰਵਨ ਸਿੰਘ ਪਤੰਗ

*